# Launch of new consular service by Indian Missions/Posts abroad –Reissue of International Driving Permit

February 12, 2021

---

# ਵਿਦੇਸ਼ਾਂ ਵਿੱਚ ਭਾਰਤੀ ਮਿਸ਼ਨਾਂ / ਪੋਸਟਾਂ ਨੇ ਕੀਤੀ ਨਵੀਂ ਕੌਂਸਲਰ ਸੇਵਾ ਸ਼ੁਰੂ - ਅੰਤਰਰਾਸ਼ਟਰੀ ਡ੍ਰਾਇਵਿੰਗ ਪਰਮਿਟ ਦਾ ਮੁੜ ਜਾਰੀ ਹੋਣਾ

12 ਫਰਵਰੀ, 2021

1. ਵਿਦੇਸ਼ਾਂ ਵਿਖੇ ਭਾਰਤੀ ਮਿਸ਼ਨ / ਪੋਸਟਾਂ ਆਵਾਜਾਈ ਅਤੇ ਰਾਜਮਾਰਗ ਮੰਤਰਾਲੇ (MoRTH) ਦੇ ਸਹਿਯੋਗ ਨਾਲ 15.02.2021 ਤੋਂ ਭਾਰਤੀ ਨਾਗਰਿਕਾਂ ਨੂੰ ਅੰਤਰਰਾਸ਼ਟਰੀ ਡਰਾਈਵਿੰਗ ਪਰਮਿਟ (IDP) ਮੁੜ ਤੋਂ ਜਾਰੀ ਕਰਨ ਵਿੱਚ ਮਦਦ ਦੇਣਗੀਆਂ। ਇਹ ਕੌਂਸਲਰ ਸੇਵਾ ਵਿਦੇਸ਼ਾਂ ਵਿਖੇ ਉਨ੍ਹਾਂ ਮਿਸ਼ਨਾਂ / ਪੋਸਟਾਂ ਦੁਆਰਾ ਦਿੱਤੀ ਜਾਵੇਗੀ, ਜੋ ਜਿਨੇਵਾ ਸੜਕੀ ਆਵਾਜਾਈ ਸੰਧੀ, 1949 'ਤੇ ਹਸਤਾਖਰ ਕਰਨ ਵਾਲੇ ਦੇਸ਼ਾਂ ਅੰਦਰ ਸਥਿਤ ਹਨ।

2. ਇਸ ਸੇਵਾ ਦਾ ਲਾਭ ਲੈਣ ਲਈ ਬਿਨੈਕਾਰ ਸਬੰਧਤ ਭਾਰਤੀ ਮਿਸ਼ਨ / ਪੋਸਟ ਜਾ ਕੇ ਮਿਲਿਆ-ਜੁਲਿਆ ਕੌਂਸਲਰ ਸੇਵਾ ਫਾਰਮ, ਲੋੜੀਂਦੀ ਕੌਂਸਲਰ ਸੇਵਾ ਫੀਸ ਅਤੇ ਢੁਕਵੇਂ ਕਾਗਜ਼ਾਤ ਜਮ੍ਹਾ ਕਰਾ ਸਕਦੇ ਹਨ। ਤਸਦੀਕ ਹੋਣ ਤੋਂ ਬਾਅਦ ਰਸੀਦ ਜਾਰੀ ਕੀਤੀ ਜਾਵੇਗੀ ਜੋ www.parivahan.gov.in ਪੋਰਟਲ ਰਾਹੀਂ ਮੁੜ IDP ਜਾਰੀ ਕਰਨ ਲਈ ਅਰਜ਼ੀ ਦੇਣ ਵਾਸਤੇ ਵਰਤੀ ਜਾ ਸਕਦੀ ਹੈ। ਬਿਨੈਕਾਰ ਨੂੰ ਸੰਬੰਧਿਤ ਦਸਤਾਵੇਜ਼ ਅਤੇ ਵਿਦੇਸ਼ਾਂ ਵਿਚ ਭਾਰਤੀ ਮਿਸ਼ਨ / ਪੋਸਟ ਦੁਆਰਾ ਜਾਰੀ ਕੀਤੀ ਗਈ ਰਸੀਦ ਅਪਲੋਡ ਕਰਨੀ ਹੋਵੇਗੀ ਅਤੇ ਵੈਬ ਪੋਰਟਲ 'ਤੇ ਆਨਲਾਈਨ IDP ਫੀਸ ਅਦਾ ਕਰਨੀ ਹੋਵੇਗੀ। ਇਸ ਪੋਰਟਲ ਰਾਹੀਂ ਬਿਨੈ-ਪੱਤਰ ਮਿਲਣ ਤੋਂ ਬਾਅਦ ਲਾਇਸੰਸਿੰਗ ਅਥਾਰਟੀ (MoRTH), ਦਸਤਾਵੇਜ਼ਾਂ ਦੀ ਤਸਦੀਕ ਕਰੇਗੀ ਅਤੇ IDP ਜਾਰੀ ਕਰੇਗੀ, ਜੋ ਸਿੱਧਾ ਬਿਨੈਕਾਰ ਦੇ ਪਤੇ 'ਤੇ ਭੇਜਿਆ ਜਾਵੇਗਾ।

3. ਵਧੇਰੇ ਜਾਣਕਾਰੀ ਲਈ ਬਿਨੈਕਾਰ www.parivahan.gov.in 'ਤੇ ਜਾ ਸਕਦੇ ਹਨ ਅਤੇ ਵਿਦੇਸ਼ਾਂ ਵਿਖੇ ਸਬੰਧਤ ਭਾਰਤੀ ਮਿਸ਼ਨ / ਪੋਸਟ ਨਾਲ ਸੰਪਰਕ ਕਰ ਸਕਦੇ ਹਨ।

ਨਵੀਂ ਦਿੱਲੀ

12 ਫਰਵਰੀ, 2021

DISCLAIMER: This is an approximate translation. The original is available in English on MEA’s website and may be referred to as the official press release.